Roll No. ........................ Total Pages : 4

# 10072/N

**J–1/2111**

**PUNJABI COMPULSORY**

Paper–112

Semester–I

Time Allowed : 3 Hours] [Maximum Marks : 75

**ਨੋਟ:** ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

## ਭਾਗ-ੳ

1. ਹੇਠ ਲਿਖੀਆਂ ਵਿਚੋਂ ਕਿਸੇ **ਇਕ** ਕਵਿਤਾ ਦਾ ਵਿਸ਼ਾ-ਵਸਤੂ ਜਾਂ ਸਾਰ ਲਿਖੋ: 10

   (ੳ) ਜਗਾ ਦੇ ਮੋਮਬੱਤੀਆਂ

   (ਅ) ਕਹੇ ਸਤਲੁਜ ਦਾ ਪਾਣੀ

   (ੲ) ਇਹ ਜਗਦਾ ਸੂਰਜ।



2. ਹੇਠ ਲਿਖੀਆਂ ਵਿਚੋਂ ਕਿਸੇ **ਤਿੰਨ** ਪ੍ਰਸ਼ਨਾਂ ਦੇ ਉੱਤਰ (ਲਗਭਗ 300 ਸ਼ਬਦਾਂ ਵਿਚ) ਦਿਓ: 3×5=15

   (ੳ) 'ਇਹ ਹੈ ਬਾਰਬੀ ਸੰਸਾਰ' ਪੁਸਤਕ ਵਿਚਲੇ ਲੇਖ 'ਪਿਕਾਸੋ ਤੋਂ ਪਰਦਾ' ਦਾ ਸਾਰ ਲਿਖੋ।

   (ਅ) ਘਟ ਗਿਣਤੀ ਕੌਮਾਂ ਵਿਦੇਸ਼ੀ ਧਰਤੀਆਂ ਉੱਪਰ ਕਿਵੇਂ ਆਪਣੇ ਆਪ ਨੂੰ ਸਥਾਪਤ ਕਰਦੀਆਂ ਹਨ?

   (ੲ) ਸੁਰਜਨ ਜ਼ੀਰਵੀ ਦੀ ਪੁਸਤਕ 'ਇਹ ਹੈ ਬਾਰਬੀ ਸੰਸਾਰ' ਅਨੁਸਾਰ ਬਾਰਬੀ ਡੌਲ ਉੱਤੇ ਨੋਟ ਲਿਖੋ।

   (ਸ) ਹਿੰਦੁਸਤਾਨ ਵਿਚ ਫੈਲੇ ਜਾਤ-ਪਾਤ ਉੱਪਰ ਵਿਸਥਾਰਪੂਰਵਕ ਨੋਟ ਲਿਖੋ।

   (ਹ) ਅਮਰੀਕਾ ਬਾਕੀ ਦੇਸ਼ਾਂ ਬਾਰੇ ਕਿਹੋ ਜਿਹੀ ਰਾਜਨੀਤਕ ਰਾਇ ਰੱਖਦਾ ਹੈ?

## ਭਾਗ-ਅ

3. ਹੇਠ ਲਿਖੀਆਂ ਵਿਚੋਂ ਕਿਸੇ **ਦੋ** ਪ੍ਰਸ਼ਨਾਂ ਦੇ ਉੱਤਰ (ਲਗਭਗ 300 ਸ਼ਬਦਾਂ ਵਿਚ) ਦਿਓ: 5×2=10

   (ੳ) ਪੰਜਾਬੀ ਲੇਖਣੀ ਵਿਚ ਕੰਪਿਊਟਰ ਦੀ ਵਰਤੋਂ ਦੀਆਂ ਸਮੱਸਿਆਵਾਂ ਅਤੇ ਸੰਭਾਵਨਾਵਾਂ ਤੇ ਨੋਟ ਲਿਖੋ।

   (ਅ) ਗੁਰਮੁਖੀ ਕੀਬੋਰਡ ਰਮਿੰਗਟਨ ਅਤੇ ਫ਼ੌਨੈਟਿਕਸ ਵਿਚਲੇ ਅੰਤਰ ਸਪੱਸ਼ਟ ਕਰੋ।

(ੲ) ਯੂਨੀਕੋਡ ਪ੍ਰਣਾਲੀ ਤੇ ਵਿਸਥਾਰ ਪੂਰਵਕ ਨੋਟ ਲਿਖੋ।

(ਸ) ਲਿਪੀਅੰਤਰ ਅਤੇ ਅਨੁਵਾਦ ਵਿਚਲਾ ਅੰਤਰ ਸਪੱਸ਼ਟ ਕਰਦੇ ਹੋਏ ਕਿਸੇ ਫੌਂਟ ਕਨਵਰਟਰ ਉੱਪਰ ਵਿਸਥਾਰ ਪੂਰਵਕ ਨੋਟ ਲਿਖੋ।

4. ਪੰਜਾਬੀ ਦੀਆਂ ਅਖੰਡੀ ਧੁਨੀਆਂ ਤੇ ਨੋਟ ਲਿਖੋ।

**ਜਾਂ**

ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਦਾ ਆਪਸੀ ਰਿਸ਼ਤਾ ਸਮਝਾਉਂਦੇ ਹੋਏ ਗੁਰਮੁਖੀ ਲਿੱਪੀ ਦੀਆਂ ਵਿਸ਼ੇਸ਼ਤਾਵਾਂ ਤੇ ਨੋਟ ਲਿਖੋ। 10

## ਭਾਗ-ੲ

5. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ: 15×2=30

(i) ਸੁਰਜੀਤ ਪਾਤਰ ਦੇ ਗੀਤ 'ਕਪਾਹ' ਦਾ ਕੇਂਦਰੀ ਭਾਵ ਕੀ ਹੈ?

(ii) ਜ਼ੇਬਨਿਸਾ ਕੌਣ ਸੀ?

(iii) ਸੁਰਜੀਤ ਪਾਤਰ ਨੂੰ ਉਸ ਦੀ ਕਿਸ ਪੁਸਤਕ ਲਈ ਭਾਰਤੀ ਸਾਹਿਤ ਅਕੈਡਮੀ ਦਾ ਐਵਾਰਡ ਮਿਲਿਆ?

(iv) 'ਬੁਸ਼ ਦੇ ਪਾਵੇ ਨਾਲ ਬੱਝੀ ਦੁਨੀਆ ਦੀ ਹੋਣੀ' ਲੇਖ ਦਾ ਕੇਂਦਰੀ ਭਾਵ ਲਿਖੋ।



(v) ਵਿਅੰਗ ਤੋਂ ਕੀ ਭਾਵ ਹੈ?

(vi) ਅਮਰੀਕਾ ਦੇ ਸੰਸਾਰ ਵਪਾਰਕ ਕੇਂਦਰ (World Trade Centre) ਉੱਪਰ ਅਲਕਾਇਦਾ ਅਤੇ ਤਾਲਿਬਾਨਾਂ ਨੇ ਕਦੋਂ ਅਤੇ ਕਿਵੇਂ ਹਮਲਾ ਕੀਤਾ?

(vii) ਪਾਬਲੋ ਪਿਕਾਸੋ ਕਿੱਥੋਂ ਦਾ ਜੰਮਪਲ ਸੀ?

(viii) ਲੇਖਕ ਦਾ ਬਾਰਬੀ ਸੰਸਾਰ ਤੋਂ ਕੀ ਮਤਲਬ ਹੈ?

(ix) ਆਸਕਰ ਐਵਾਰਡ ਜੇਤੂ ਫ਼ਿਲਮ ਨਿਰਦੇਸ਼ਕ ਏਲੀਆ ਕਾਜ਼ਾਨ ਦੀਆਂ ਕੋਈ ਦੋ ਫ਼ਿਲਮਾਂ ਦੇ ਨਾਮ ਦੱਸੋ।

(x) ਸਾਰਜ਼ (SARS) ਦਾ ਵਿਸਤ੍ਰਿਤ ਰੂਪ (Full form) ਕੀ ਹੈ?

(xi) ਖੰਡੀ ਧੁਨੀਆਂ ਕਿਹੜੀਆਂ-ਕਿਹੜੀਆਂ ਹਨ?

(xii) ਗੋਲ ਸਵਰ ਕਿਹੜੇ-ਕਿਹੜੇ ਹਨ?

(xiii) ਪੰਜਾਬੀ ਦੇ ਸਵਰ ਵਾਹਕ ਕਿਹੜੇ-ਕਿਹੜੇ ਹਨ?

(xiv) ਯੂਨੀਕੋਡ਼ ਪ੍ਰਣਾਲੀ ਬਾਰੇ 3-4 ਸਤਰਾਂ ਲਿਖੋ।

(xv) 'ਰਮਿੰਗਟਨ ਲੇਆਉਟ' ਕੀ ਹੁੰਦੀ ਹੈ?